# ਪਰਿਵਾਰਾਂ ਨੂੰ COVID-19 ਸਬੰਧੀ ਸਲਾਹ

## ਜੂਨ 2021 ਨੂੰ ਅਪਡੇਟ ਕੀਤਾ ਗਿਆ

ਅਸੀਂ ਆਸਟ੍ਰੇਲੀਆ ਦੀ ਸਿਹਤ ਸੰਭਾਲ ਪ੍ਰਿੰਸੀਪਲ ਕਮੇਟੀ (Australian Health Protection Principal Committee (AHPPC)), NSW ਸਿਹਤ ਅਤੇ ਹੋਰਨਾਂ ਏਜੰਸੀਆਂ ਨਾਲ ਇਹ ਸੁਨਿਸਚਿਤ ਕਰਨ ਲਈ ਕੰਮ ਕਰ ਰਹੇ ਹਾਂ ਕਿ ਸਾਡੇ ਸਕੂਲ COVID-19 ਵਾਤਾਵਰਣ ਵਿਚ ਸਭ ਤੋਂ ਸੁਰੱਖਿਅਤ ਤਰੀਕਿਆ ਨਾਲ ਕੰਮ ਕਰਨਾ ਜਾਰੀ ਰੱਖਣ।

### NSW ਸਿਹਤ ਵਲੋਂ ਤਾਜ਼ਾ ਸਲਾਹ

COVID-19 ਸੰਬੰਧਤ ਜਾਣਕਾਰੀ ਦੇ ਅਪਡੇਟ ਨਿਯਮਤ ਅਧਾਰ 'ਤੇ ਪ੍ਰਦਾਨ ਕੀਤੇ ਜਾਂਦੇ ਹਨ। ਪਰਿਵਾਰਾਂ ਨੂੰ ਨਵੀਨਤਮ ਜਾਣਕਾਰੀ NSW ਦੀ ਹੇਠ ਲਿਖੀ ਸਰਕਾਰੀ ਵੈਬਸਾਈਟ ਦੀ ਨਿਗਰਾਨੀ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ (NSW Government website)।

COVID-19 ਦੇ ਫੈਲਣ ਕਾਰਨ NSW ਸਿਹਤ ਵਲੋਂ ਘਰ ਰਹੋ ਦੇ ਆਰਡਰ ਲਾਗੂ ਕੀਤੇ ਜਾਣ ਦੀ ਸਥਿਤੀ ਵਿਚ ਸਕੂਲ ਕਾਰਜਾਂ ਵਿਚ ਤਬਦੀਲੀਆਂ ਹੋ ਸਕਦੀਆਂ ਹਨ। ਕਿਰਪਾ ਕਰਕੇ ਤੁਹਾਡੇ ਸਕੂਲ ਨੂੰ ਇਨ੍ਹਾਂ ਤਬਦੀਲੀਆਂ ਬਾਰੇ ਪੁਛੋ ਅਤੇ ਤੁਹਾਡੇ ਸਕੂਲ ਦੇ ਕਰਮਚਾਰੀਆਂ ਵਲੋਂ ਦਿਤੀ ਸਲਾਹ 'ਤੇ ਅਮਲ ਕਰੋ, ਜਿਸ ਵਿਚ ਸਕੂਲ ਦੇ ਮੈਦਾਨਾਂ 'ਤੇ ਗੈਰ-ਜ਼ਰੂਰੀ ਲੋੜਾਂ ਲਈ ਨਾ ਦਾਖਲ ਹੋਣਾ ਵੀ ਸ਼ਾਮਲ ਹੋ ਸਕਦਾ ਹੈ।

### ਘਰ ਵਿਚ ਸਿਖਿਆ ਲੈਣੀ

ਹੇਠ ਲਿਖੀਆਂ ਸਥਿਤੀਆਂ ਵਿਚ ਵਿਦਿਆਰਥੀਆਂ ਦੀ ਘਰ ਵਿਚ ਸਿਖਿਆ ਪ੍ਰਾਪਤ ਕਰਨ ਲਈ ਸਮਰਥਨ ਕੀਤਾ ਜਾਵੇਗਾ:

- ਜੇ ਉਨ੍ਹਾਂ ਨੂੰ ਕਿਸੇ ਸਕਾਰਤਮਕ ਜਾਂ ਸ਼ੱਕੀ COVID-19 ਕੇਸ ਦੇ ਨੇੜਲੇ ਸੰਪਰਕ ਹੋਣ ਕਰਕੇ ਆਪਣੇ ਆਪ ਨੂੰ ਅਲੱਗ ਕਰਨ ਦੀ ਜ਼ਰੂਰਤ ਹੋਵੇ[
- ਜਿਥੇ ਸਕੂਲ ਨੂੰ ਜਨਤਕ ਸਿਹਤ ਸਲਾਹ ਦੇ ਤਹਿਤ ਨਿਰਦੇਸ਼ ਦਿਤਾ ਗਿਆ ਹੈ ਕਿ COVID-19 ਦੇ ਫੈਲਣ ਕਾਰਨ ਸਕੂਲ ਕੇਵਲ ਜ਼ਰੂਰੀ ਕਾਮਿਆਂ ਦੇ ਬੱਚਿਆਂ ਦੀ ਸਿਖਿਆ ਲਈ ਹੀ ਸਾਈਟ 'ਤੇ ਖੁਲਾ ਰਹੇਗਾ।

ਘਰ ਵਿਚ ਸਿਖਿਆ ਲੈਣ ਦੇ ਬਹੁਤ ਸਾਰੇ ਰੂਪ ਹੁੰਦੇ ਹਨ, ਜਿਸ ਵਿਚ ਆਨਲਾਈਨ ਅਤੇ ਆਫਲਾਈਨ ਸਰੋਤਾਂ ਅਤੇ ਛਪੀ ਹੋਈ ਸਮੱਗਰੀ ਜਿਵੇਂ ਵਰਕਸ਼ੀਟਾਂ ਅਤੇ ਹੋਰ ਸਰੋਤ ਸ਼ਾਮਲ ਹਨ।

### ਆਨ ਸਾਈਟ ਸਿਖਲਾਈ ਦੇ ਦੌਰਾਨ ਹਾਜਰੀ ਦੀ ਸਲਾਹ

NSW ਸਿਹਤ ਦੀ ਸਲਾਹ ਅਨੁਸਾਰ, ਮਾਪਿਆਂ ਅਤੇ ਸੰਭਾਲਕਾਂ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਬਚਿਆਂ ਦੇ ਤੰਦਰੁਸਤ **ਨਾ ਹੋਣ ਸਮੇਂ** ਉਨ੍ਹਾਂ ਨੂੰ ਸਕੂਲੇ ਨਾ ਭੇਜਿਆ ਜਾਵੇ ਭਾਵੇਂ ਕਿ ਉਨ੍ਹਾਂ ਨੂੰ ਮਾਮੂਲੀ ਜਿਹੀ ਫਲੂ ਵਰਗੀਆਂ ਨਿਸ਼ਾਨੀਆਂ ਹੀ ਹੋਣ।

NSW ਸਿਹਤ ਨੇ ਬੇਨਤੀ ਕੀਤੀ ਹੈ ਕਿ ਸਕੂਲ ਕਿਸੇ ਵੀ ਵਿਅਕਤੀ ਜੋ ਬੀਮਾਰ ਹੈ ਜਾਂ ਜਿਸ ਨੂੰ ਹਲਕੇ ਜਿਹੇ ਫਲੂ ਵਰਗੇ ਲੱਛਣ ਹੋਣ ਨੂੰ ਉਤਸ਼ਾਹਿਤ ਕਰਨ ਕਿ ਉਹ ਆਪਣੇ ਸਥਾਨਕ ਡਾਕਟਰੀ ਪ੍ਰਦਾਤੇ ਕੋਲੋਂ ਜਾਂ ਕਿਸੇ COVID-19 ਕਲਿਨਿਕ ਤੋਂ ਟੈਸਟ ਕਰਵਾਉਣ (COVID-19 clinics)।

ਫਲੂ ਵਰਗੀਆਂ ਨਿਸ਼ਾਨੀਆਂ ਵਾਲੇ ਵਿਦਿਆਰਥੀਆਂ ਅਤੇ ਸਕੂਲ ਕਰਮਚਾਰੀਆਂ ਨੂੰ ਟੈਸਟ ਕਰਵਾ ਕੇ COVID-19 ਦੇ ਨੈਗਟਿਵ ਨਤੀਜੇ ਦੀ ਕਾਪੀ ਪੇਸ਼ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਕੂਲੇ ਵਾਪਸ ਆਉਣ ਤੋਂ ਪਹਿਲਾਂ ਲੱਛਣ ਮੁਕਤ ਹੋਣ ਦੀ ਲੋੜ ਹੈ।

ਜਿਹੜੇ ਵਿਦਿਆਰਥੀ COVID-19 ਦੀ ਪ੍ਰੀਖਿਆ ਨਹੀਂ ਕਰਾਉਂਦੇ, ਉਨ੍ਹਾਂ ਨੂੰ 10 ਦਿਨਾਂ ਦੇ ਅਰਸੇ ਲਈ ਸਕੂਲੇ ਵਾਪਸ ਆਉਣ ਦੀ ਆਗਿਆ ਨਹੀਂ ਦਿਤੀ ਜਾਵੇਗੀ। ਇਸ ਤੋਂ ਇਲਾਵਾ, ਸਕੂਲੇ ਵਾਪਸ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਘੱਟੋ ਘੱਟ 3 ਦਿਨ੍ਹਾਂ ਲਈ ਲੱਛਣਾਂ ਤੋਂ ਰਹਿਤ ਹੋਣਾ ਚਾਹੀਦਾ ਹੈ।

## ਆਨ ਸਾਈਟ 'ਤੇ ਸਿਖਲਾਈ ਦੇ ਦੌਰਾਨ ਹਾਜ਼ਰੀ (ਜਾਰੀ)

ਉਹਨਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਨੂੰ ਮੌਸਮੀ ਐਲਰਜੀ ਰਿਨਾਈਟਸ ਜਾਂ ਕੋਈ ਹੋਰ ਬਿਮਾਰੀ ਜਿਹੜੀ ਫਲੂ ਵਰਗੇ ਲੱਛਣ ਪ੍ਰਗਟਾਉਂਦੀ ਹੋਵੇ, ਉਹਨਾਂ ਨੂੰ ਅਜੇ ਵੀ COVID-19 ਦਾ ਟੈਸਟ ਕਰਵਾਉਣ ਦੀ ਲੋੜ ਹੁੰਦੀ ਹੈ ਅਤੇ ਉਹਨਾਂ ਦੇ ਟੈਸਟ ਦਾ ਨਤੀਜਾ ਨੈਗਟਿਵ (ਨਕਾਰਾਤਮਕ) ਹੋਣਾ ਚਾਹੀਦਾ ਹੈ। ਜੇ ਉਨ੍ਹਾਂ ਦੇ ਲੱਛਣ 10 ਦਿਨਾਂ ਤੋਂ ਵਧੇਰੇ ਸਮੇਂ ਲਈ ਰਹਿੰਦੇ ਹੋਣ, ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਡਾਕਟਰ ਕੋਲੋਂ ਕੁਝ ਦਸਤਾਵੇਜ਼ ਪ੍ਰਦਾਨ ਕਰਨ ਦੀ ਲੋੜ ਹੈ ਜੋ ਇਸ ਗਲ ਦੀ ਪੁਸ਼ਟੀ ਕਰਦੇ ਹੋਣ ਕਿ ਉਨ੍ਹਾਂ ਦੇ ਲੱਛਣ ਉਨ੍ਹਾਂ ਦੀ ਸਥਿਤੀ ਲਈ ਖਾਸ ਹਨ। ਵਿਦਿਆਰਥੀ ਨੂੰ ਨਵੇਂ ਜਾਂ ਬਦਲੇ ਹੋਏ ਲੱਛਣ ਪੈਦਾ ਹੋ ਜਾਣ 'ਤੇ ਉਨ੍ਹਾਂ ਨੂੰ COVID-19 ਦਾ ਟੈਸਟ ਕਰਵਾਉਣ ਦੀ ਜ਼ਰੂਰਤ ਹੋਵੇਗੀ। COVID-19 ਦੇ ਲੱਛਣਾਂ ਬਾਰੇ ਵਧੇਰੇ ਜਾਣਕਾਰੀ (COVID-19 symptoms) ਤੋਂ ਮਿਲ ਸਕਦੀ ਹੈ।

ਗੁੰਝਲਦਾਰ ਸਿਹਤ ਜਾਂ ਅਯੋਗਤਾ ਵਾਲੇ ਵਿਦਿਆਰਥੀਆਂ ਲਈ COVID-19 ਟੈਸਟਿੰਗ ਚਣੌਤੀਪੂਰਨ ਹੋ ਸਕਦੀ ਹੈ। ਇਨ੍ਹਾਂ ਸਥਿਤੀਆਂ ਵਿਚ, ਸਕੂਲ ਮਾਪੀਆਂ ਜਾਂ ਸੰਭਾਲਕਾਂ ਤੋਂ ਮੰਗ ਕਰ ਸਕਦੇ ਹਨ ਕਿ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਆਪਣੇ ਡਾਕਟਰ ਕੋਲੋਂ ਟੈਸਟ ਕਰਵਾਉਣ। ਜੇ ਉਨ੍ਹਾਂ ਦੇ ਡਾਕਟਰ ਦੀ ਰਾਏ ਹੋਵੇ ਕਿ COVID-19 ਦਾ ਟੈਸਟ ਕਰਾਉਣ ਦੀ ਲੋੜ ਨਹੀਂ ਹੈ, ਤਾਂ ਸਕੂਲ ਨੂੰ ਇਹ ਗਲ ਦੀ ਪੁਸ਼ਟੀ ਕਰਨ ਲਈ ਦਸਤਾਵੇਜ਼ਾਂਜ਼ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ ਕਿ ਵਿਦਿਆਰਥੀ ਨੂੰ ਕੁਝ ਅਜਿਹੇ ਲੱਛਣ ਨਹੀਂ ਹਨ ਜੋ COVID-19 ਟੈਸਟ ਲਈ ਜ਼ਰੂਰੀ ਹਨ। ਸਰਟੀਫੀਕੇਟ ਵਿਚ ਇਹ ਵੀ ਦਰਸਾਉਣਾ ਲਾਜ਼ਮੀ ਹੈ ਕਿ ਵਿਦਿਆਰਥੀ ਮੁੜ ਸਕੂਲੇ ਵਾਪਸ ਆ ਸਕਦਾ ਹੈ।

## ਸਾਰੇ ਸਕੂਲਾਂ ਅਤੇ ਪਰਿਵਾਰਾਂ ਨੂੰ ਯਾਦ ਕਰਾਉਣਾ

ਸਾਰੇ ਸਕੂਲਾਂ ਅਤੇ ਪਰਿਵਾਰਾਂ ਲਈ ਮਹੱਤਵਪੂਰਣ ਹੈ ਕਿ ਉਹ COVID-19 ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਰਹਿਣ। ਖਾਸ ਕਰ ਅਸੀਂ ਹੇਠ ਲਿਖਿਆਂ ਨੂੰ ਉਜਾਗਰ ਕਰਨਾ ਚਾਹੁੰਦੇ ਹਾਂ:

- ਸਕੂਲਾਂ ਨੂੰ ਲਾਜਮੀ ਤੌਰ 'ਤੇ ਜਾਰੀ ਰੱਖਣਾ ਚਾਹੀਦਾ ਹੈ:
  - ਨਿੱਜੀ ਸਫਾਈ, ਸਰੀਰਕ ਦੂਰੀ, ਸਫਾਈ ਅਤੇ ਰਿਕਾਰਡ ਰੱਖਣ ਦੇ ਅਭਿਆਸ ਲਾਗੂ ਕਰੋ।.
  - ਜਿਥੇ ਵੀ ਸੰਭਵ ਹੋ ਸੱਕੇ, ਬਾਹਰੀ ਖੇਤਰਾਂ, ਮੌਸਮ ਠੀਕ ਹੋਣ 'ਤੇ, ਜਾਂ ਵਿਸ਼ਾਲ ਖੁਲੇ ਸਥਾਨਾਂ ਦੀ ਵਰਤੋਂ ਕਰੋ ਤਾਂ ਜੋ ਸਰੀਰਕ ਦੂਰੀ ਨੂੰ ਯੋਗ ਬਣਾਇਆ ਜਾ ਸੱਕੇ।
  - ਇਹ ਸੁਨਿਸਚਿਤ ਕਰੋ ਕਿ ਇਕ ਸਕੂਲ ਸਾਈਟ (ਜਗ੍ਹਾ)'ਤੇ ਆਉਣ ਵਾਲੇ ਸਾਰੇ ਵਿਜਿਟਰ ਤੰਦਰੁਸਤ ਅਤੇ ਲੱਛਣ ਰਹਿਤ ਹਨ, ਸਾਇਨ-ਇਨ ਇੰਤਜ਼ਾਮਾਂ ਦੀ ਪਾਲਣਾ ਕਰਦੇ ਹਨ ਅਤੇ ਉਹ ਇਹ ਸਵੀਕਾਰ ਕਰਦੇ ਹਨ ਕਿ ਯਾਤਰੀਆਂ, ਠੇਕੇਦਾਰਾਂ ਅਤੇ ਸੇਵਾ ਪ੍ਰਦਾਤਾ COVID-19 ਸਬੰਧਤ ਜ਼ਰੂਰਤਾਂ ਦੀ ਹਰ ਯਾਤਰਾ ਸਮੇਂ ਵਰਤੋਂ ਕਰਨਗੇ। ਸਾਰੇ ਆਉਣ ਵਾਲੇ ਵਿਜਿਸਟਰਾਂ ਨੂੰ Service NSW QR code ਦੀ ਵਰਤੋਂ ਕਰਨੀ ਪਵੇਗੀ। ਸਾਰੇ ਮਾਪਿਆਂ ਅਤੇ ਸੰਭਾਲਕਾਂ ਨੂੰ ਜੋ ਵਿਦਿਆਰਥੀਆਂ ਨੂੰ ਛੱਡਣ ਜਾਂ ਲੈਣ ਆਉਂਦੇ ਹਨ ਨੂੰ ਸਾਇਨ-ਇਨ ਜਾਂ Service NSW QR code ਦੀ ਵਰਤੋਂ ਨਹੀਂ ਕਰਨੀ ਪਵੇਗੀ।

## ਚਿਹਰੇ 'ਤੇ ਮਾਸਕ ਪਹਿਨਣੇ ਅਤੇ ਤਾਪਮਾਨ ਦੀ ਜਾਂਚ ਕਰਨੀ

ਜਿਹੜਾ ਵੀ ਵਿਅਕਤੀ ਸਕੂਲ ਵਿਚ ਆਪਣਾ ਮਾਸਕ ਪਹਿਨਣਾ ਚਾਹੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਨਹੀਂ ਜਾਵੇਗਾ।

ਉਨ੍ਹਾਂ ਸਮਿਆਂ ਦੌਰਾਨ ਜਦੋਂ ਜਨਤਕ ਸਿਹਤ ਆਰਡਰਾਂ ਨੇ ਜਨਤਕ ਆਵਾਜਾਈ ਦੇ ਸਾਧਨਾਂ 'ਤੇ ਮਾਸਕ ਪਹਿਨਣੇ ਲਾਜ਼ਮੀ ਕਰ ਦਿਤੇ ਹਨ, 13 ਸਾਲ ਜਾਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਇਸ ਦਿਸ਼ਾ ਦੀ ਪਾਲਣਾ ਕਰਨੀ ਲਾਜ਼ਮੀ ਹੈ। ਸਟਾਫ ਨੂੰ ਵੀ ਜਨਤਕ ਟ੍ਰਾਂਸਪੋਰਟ 'ਤੇ ਯਾਤਰਾ ਦੌਰਾਨ 'ਤੇ ਜਾਂ ਨਿਜੀ ਟ੍ਰਾਂਸਪੋਰਟ ਸੇਵਾ ਦੁਆਰਾ ਇਸ ਦਿਸ਼ਾ ਦੀ ਪਾਲਣਾ ਕਰਨੀ ਚਾਹੀਦੀ ਹੈ।

ਸਕੂਲਾਂ ਵਿਚ ਵਿਆਪਕ ਤਾਪਮਾਨ ਦੀ ਜਾਂਚ ਦੀ ਜ਼ਰੂਰਤ ਜਾਂ ਸਿਫਾਰਸ਼ ਨਹੀਂ ਕੀਤੀ ਜਾਂਦੀ

## ਸਕੂਲ ਦੀ ਸਫਾਈ ਅਤੇ ਸਫਾਈ ਦੀ ਸਮੱਗਰੀ

ਤੁਹਾਡਾ ਸਕੂਲ AHPPC ਦੇ ਦਿਸ਼ਾ-ਨਿਰਦੇਸ਼ਾਂ ਅਤੇ NSW ਹੈਲਥ ਦੀ ਸਲਾਹ ਅਨੁਸਾਰ ਵਾਧੂ ਸਫਾਈ ਪ੍ਰਾਪਤ ਕਰਨਾ ਜਾਰੀ ਰੱਖੇਗਾ। ਟੀਚੇ ਵਾਲੇ ਖੇਤਰਾਂ ਵਿਚ ਵਧੇਰੇ ਹੱਥ ਲਗਾਉਣ ਵਾਲੇ ਖੇਤਰ ਅਤੇ ਸਖਤ ਸਤਹ, ਦਰਵਾਜ਼ਿਆਂ ਦੇ ਹੈਂਡਲ, ਲਾਕਰ, ਲਾਈਟ ਸਵਿਚਾਂ ਅਤੇ ਪੌੜੀਆਂ ਦੇ ਹੈਂਢ ਰੇਲਜ਼ ਅਤੇ ਆਮ ਆਵਾਜਾਈ ਵਾਲੇ ਖੇਤਰ। ਇਸ ਵਿਚ ਹੋਰ ਵਧੇਰੇ ਵੀ ਹੋਵੇਗਾ ਜਿਵੇਂ ਕਿ ਗੁਸਲਖਾਨਿਆਂ ਅਤੇ ਪਾਣੀ ਪੀਣ ਵਾਲੇ ਬੱਬਲਰਜ਼ ਅਤੇ ਸਾਬਣ ਵਰਗੀ ਸਮੱਗਰੀ ਵਿਚ ਵਾਧਾ ਕੀਤਾ ਜਾਵੇਗਾ।

ਸਕੂਲ ਵੀ ਤਰਲ ਸਾਬਣ, ਹੱਥ ਲਈ ਸੈਨੀਟਾਈਜ਼ਰ, ਕਾਗਜ਼ ਦੇ ਤੌਲੀਏ, ਸਤਹ ਸਪਰੇਅ ਅਤੇ ਕਿਟਾਣੂਨਾਸ਼ਕ ਪੂੰਝੀਆਂ ਸਮੇਤ ਸਫਾਈ ਉਤਪਾਦਾਂ ਦਾ ਨਿਰੰਤਰ ਨਿਰਮਾਣ ਜਾਰੀ ਰੱਖਣਗੇ।

### COVID-19 ਕੇਸਾਂ ਲਈ ਪੇਸ਼ ਆਉਣਾ

ਸਾਡੇ ਸਕੂਲਾਂ ਵਿਚ COVID-19 ਦੇ ਕਿਸੇ ਵੀ ਸ਼ੱਕੀ ਜਾਂ ਪੁਸ਼ਟੀ ਕੀਤੀਆਂ ਕੇਸਾਂ ਦਾ ਜਵਾਬ ਦੇਣ ਲਈ ਸਕੂਲਾਂ ਲਈ ਇਕ ਸਪੱਸ਼ਟ ਯੋਜਨਾ ਹੈ। ਅਸੀਂ NSW ਸਿਹਤ ਨਾਲ ਮਿਲ ਕੇ ਨੇੜਿਓ ਕੰਮ ਕਰ ਰਹੇ ਹਾਂ ਅਤੇ ਲੋੜ ਪੈਣ 'ਤੇ ਮਾਪਿਆਂ ਨਾਲ ਸੰਪਰਕ ਕਰਾਂਗੇ। COVID-19 ਕੇਸਾਂ ਲਈ ਸਾਡੇ ਪ੍ਰਤੀਕਿਰਿਆ ਪ੍ਰੋਟੋਕੌਲ ਬਾਰੇ ਇਥੇ ਹੋਰ ਪੜ੍ਹੋ (Response protocols for COVID-19 cases)।

### (ਟ੍ਰਾਂਸਪੋਰਟ) ਆਵਾਜਾਈ ਦੇ ਸਾਧਨ

ਸਕੂਲ ਜਾਣ ਅਤੇ ਆਉਣ ਵਾਲੀਆਂ ਬੱਸਾਂ ਸਾਧਾਰਣ ਵਾਂਗ ਚਲਦੀਆਂ ਰਹਿਣਗੀਆਂ। ਸਕੂਲ ਜਾਣ ਅਤੇ ਆਉਣ ਲਈ ਯਾਤਰਾ ਸਬੰਧੀ ਸਲਾਹ ਲਈ ਵੇਖੋ NSW ਲਈ ਟ੍ਰਾਂਸਪੋਰਟ (Transport for NSW)।

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਤੁਹਾਡੇ ਸਕੂਲ ਦੇ ਪ੍ਰਿੰਸੀਪਲ ਨਾਲ ਗਲ ਕਰੋ। ਜੇ ਪੁਛ-ਗਿਛ ਦੌਰਾਨ ਸਹਾਇਤਾ ਲਈ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ ਕਿਰਪਾ ਕਰਕੇ ਟੈਲੀਫੋਨ ਇੰਟਰਪ੍ਰੇਟਰ ਸੇਵਾ ਨੂੰ 131 450 'ਤੇ ਫੌਨ ਕਰਕੇ ਤੁਹਾਡੀ ਭਾਸ਼ਾ ਵਿਚ ਦੁਭਾਸ਼ੀਏ ਦੀ ਮੰਗ ਕਰੋ। ਤੁਹਾਨੂੰ ਇਸ ਸੇਵਾ ਲਈ ਕੋਈ ਵੀ ਵਸੂਲੀ ਨਹੀਂ ਕਰਨੀ ਪਵੇਗੀ।